ਟੌਲ-ਫ੍ਰੀ: 1-800-337-7222
ਟੀ.ਟੀ.ਵਾਈ. ਟੌਲ-ਫ੍ਰੀ: 1-800-263-7776

www.ontario.ca/budget





**ਧਨ ਬਚਾਉਣ ਵਿੱਚ ਓਨਟੇਰੀਓ ਦੇ ਡਰਾਈਵਰਾਂ ਦੀ ਮਦਦ ਕਰਨਾ**

ਓਨਟੇਰੀਓ ਦੇ 90 ਲੱਖ ਡਰਾਈਵਰਾਂ ਲਈ ਮੋਟਰ ਗੱਡੀਆਂ ਦੇ ਬੀਮੇ ਦੀ ਕੀਮਤ ਨੂੰ ਸਥਿਰ ਕਰਨ ਵਿੱਚ ਸਰਕਾਰ ਆਪਣੀ ਕਾਮਯਾਬੀ ਨੂੰ ਹੇਠ ਲਿਖੇ ਕਦਮਾਂ ਰਾਹੀਂ ਹੋਰ ਅੱਗੇ ਵਧਾ ਰਹੀ ਹੈ:

- ☑ ਕੀਮਤਾਂ ਅਤੇ ਦਰਾਂ ਵਿੱਚ ਕਮੀ ਕਰਨ ਦੀ ਇੱਕ ਨੀਤੀ ਲਾਗੂ ਕਰਨੀ, ਜਿਸ ਰਾਹੀਂ ਖ਼ਪਤਕਾਰਾਂ ਲਈ ਗੱਡੀਆਂ ਦੇ ਬੀਮੇ ਵਿੱਚ ਔਸਤਨ 15 ਪ੍ਰਤੀਸ਼ਤ ਕਮੀ ਆਵੇਗੀ।
- ☑ ਬੀਮਾਕਾਰਾਂ ਉੱਤੇ ਸ਼ਰਤ ਲਾਉਣੀ ਕਿ ਸੁਰੱਖਿਅਤ ਡਰਾਈਵਰਾਂ ਨੂੰ ਘੱਟ ਦਰਾਂ ਪੇਸ਼ ਕਰਨ।
- ☑ ਖ਼ਪਤਕਾਰਾਂ ਦੀ ਹਿਫਾਜ਼ਤ ਅਤੇ ਖ਼ਰਚਿਆਂ ਵਿੱਚ ਕਮੀ ਲਈ ਮੋਟਰ ਗੱਡੀਆਂ ਦੇ ਬੀਮੇ ਵਿੱਚ ਧੋਖਾਧੜੀ ਉੱਤੇ ਸਖ਼ਤੀ ਜਾਰੀ ਰੱਖਣਾ।
- ☑ ਉਦਯੋਗ ਦੇ ਖ਼ਰਚਿਆਂ ਦੀ ਪੜਚੋਲ ਅਤੇ ਇਹ ਗੱਲ ਪੱਕੀ ਕਰਨ ਲਈ ਜਵਾਬਦੇਹੀ ਅਤੇ ਪਾਰਦਰਸ਼ਤਾ ਦੇ ਨਵੇਂ ਕਦਮ ਚੁੱਕਣਾ ਕਿ ਬਚਤਾਂ ਖ਼ਪਤਕਾਰਾਂ ਤਕ ਪਹੁੰਚਣ।

**ਓਨਟੇਰੀਓ ਟ੍ਰਿਲੀਅਮ ਬੈਨੀਫਿਟ (Ontario Trillium Benefit): ਲੋਕਾਂ ਸਾਮ੍ਹਣੇ ਵਧੇਰੇ ਵਿਕਲਪ**

ਸੰਨ 2014 ਤੋਂ ਆਰੰਭ ਕਰ ਕੇ ਸਰਕਾਰ ਲੋਕਾਂ ਸਾਮ੍ਹਣੇ ਓਨਟੇਰੀਓ ਟ੍ਰਿਲੀਅਮ ਬੈਨੀਫਿਟ (ਓ.ਟੀ.ਬੀ.) ਇੱਕ ਹੀ ਵਾਰ, ਜਾਂ ਮਹੀਨਾਵਾਰ ਕਿਸ਼ਤਾਂ ਵਿੱਚ ਪ੍ਰਾਪਤ ਕਰ ਸਕਣ ਦਾ ਵਿਕਲਪ ਪੇਸ਼ ਕਰਨ ਦਾ ਪ੍ਰਸਤਾਵ ਰੱਖ ਰਹੀ ਹੈ।

ਓ.ਟੀ.ਬੀ. ਵਿੱਚ ਤਿੰਨ ਟੈਕਸ ਕ੍ਰੈਡਿਟਾਂ ਨੂੰ ਇੱਕ ਵਿੱਚ ਇਕੱਠਾ ਕੀਤਾ ਗਿਆ ਹੈ।

ਅਨੇਕਾਂ ਲੋਕ ਆਪਣੀ ਮਹੀਨਾਵਾਰ ਸਹਾਇਤਾ ਬਿਲ ਆਉਣ ਦੇ ਨਾਲ-ਨਾਲ ਪ੍ਰਾਪਤ ਕਰਨਾ ਪਸੰਦ ਕਰਦੇ ਹਨ ਜਦੋਂ ਕਿ ਕੁੱਝ ਲੋਕ ਇੱਕ ਹੀ ਕਿਸ਼ਤ ਵਿੱਚ ਅਦਾਇਗੀ ਚਾਹੁੰਦੇ ਹਨ।





# ਇੱਕ ਖੁਸ਼ਹਾਲ ਅਤੇ ਨਿਆਂਕਾਰੀ ਓਨਟੇਰੀਓ

## ਓਨਟੇਰੀਓ ਬਜਟ

# 2013



© Queen's Printer for Ontario, 2013



ਸੰਨ *2013 ਦਾ ਬਜਟ* ਸੂਬੇ ਦੀ ਆਰਥਿਕਤਾ ਮਜਬੂਤ ਬਣਾਉਣ ਅਤੇ ਹਰ ਵਿਅਕਤੀ ਨੂੰ ਕਾਮਯਾਬ ਹੋਣ ਦਾ ਮੌਕਾ ਦੇਣ ਦੀ ਓਨਟੇਰੀਓ ਸਰਕਾਰ ਦੀ ਨਵੀਂ ਵਿਉਂਤ ਹੈ।

ਓਨਟੇਰੀਓ ਦੀ ਆਰਥਿਕਤਾ ਉਦੋਂ ਵਧੇਰੇ ਮਜਬੂਤ ਹੁੰਦੀ ਹੈ ਜਦੋਂ ਹਰ ਕਿਸੇ ਨੂੰ ਲਾਭਦਾਇਕ ਤਰੀਕੇ ਨਾਲ ਰੁਜ਼ਗਾਰਸ਼ੁਦਾ ਹੋਣ, ਆਪਣੀਆਂ ਕਮਿਊਨਿਟੀਆਂ ਦੇ ਜੀਵਨ ਵਿੱਚ ਹਿੱਸਾ ਲੈਣ ਅਤੇ ਸੂਬੇ ਦੀ ਖੁਸ਼ਹਾਲੀ ਵਿੱਚ ਹਿੱਸਾ ਪਾਉਣ ਦਾ ਮੌਕਾ ਮਿਲਦਾ ਹੈ।

ਰੁਜ਼ਗਾਰ ਸਿਰਜਣ ਦੇ ਵਿੱਚ ਸਰਕਾਰ ਦੀ ਭੂਮਿਕਾ ਕਾਰੋਬਾਰਾਂ ਅਤੇ ਉੱਦਮਾਂ ਲਈ ਜ਼ੋਖਮ ਚੁੱਕਣ, ਨਿਵੇਸ਼ ਕਰਨ ਅਤੇ ਨਵੀਨਕਾਰਤਾ ਨੂੰ ਰਫ਼ਤਾਰ ਦੇਣ ਲਈ ਸਹੀ ਮਾਹੌਲ ਨੂੰ ਹੱਲਾ ਸ਼ੇਰੀ ਦੇਣਾ ਹੈ।

## ਸਾਂਵੇਪਣ ਦਾ ਮਾਰਗ

ਓਨਟੇਰੀਓ ਦੀ ਖੁਸ਼ਹਾਲੀ ਸੁਰੱਖਿਅਤ ਕਰਨ ਲਈ ਸਭ ਤੋਂ ਅਹਿਮ ਗੱਲ ਜੋ ਓਨਟੇਰੀਓ ਸਰਕਾਰ ਕਰ ਸਕਦੀ ਹੈ, ਉਹ ਹੈ ਬਜਟ ਘਾਟਾ ਖਤਮ ਕਰਨਾ।

ਓਨਟੇਰੀਓ ਸਕਰਾਰ 2017-18 ਤਕ ਬਜਟ ਘਾਟਾ ਖਤਮ ਕਰਨ ਦਾ ਪੱਕਾ ਇਰਾਦਾ ਰੱਖਦੀ ਹੈ।

ਸੰਨ 2012-13 ਲਈ ਬਜਟ ਘਾਟਾ $9.8 ਬਿਲੀਅਨ ਹੋਣ ਦਾ ਅੰਦਾਜ਼ਾ ਹੈ - ਇਹ ਪਿਛਲੇ ਸਾਲ ਦੇ *ਬਜਟ* ਵਿੱਚ ਦਰਸ਼ਾਏ ਨਾਲੋਂ $5 ਬਿਲੀਅਨ ਘੱਟ ਹੈ।

ਸਰਕਾਰ ਵੱਲੋਂ ਕੀਤੀ ਕਾਰਵਾਈ ਕਾਰਣ ਲਗਾਤਾਰ ਚੌਥੇ ਸਾਲ ਓਨਟੇਰੀਓ ਵੱਲੋਂ ਪੇਸ਼ੀਨਗੋਈ ਨਾਲੋਂ ਘੱਟ ਘਾਟਾ ਐਲਾਨਣਾ ਸੰਭਵ ਹੋਇਆ ਹੈ।

ਸੰਨ 2012-13 ਲਈ ਪ੍ਰੋਗਰਾਮ ਖ਼ਰਚਿਆਂ ਵਿੱਚ ਵਾਧਾ ਲਗਾਤਾਰ ਦੂਜੇ ਸਾਲ ਇੱਕ ਪ੍ਰਤੀਸ਼ਤ ਤੋਂ ਘੱਟ ਦਰਸ਼ਾਇਆ ਜਾ ਰਿਹਾ ਹੈ।

## ਰੁਜ਼ਗਾਰਾਂ ਅਤੇ ਵਿਕਾਸ ਦੀ ਇੱਕ ਵਿਉਂਤ

ਰੁਜ਼ਗਾਰਾਂ ਅਤੇ ਵਿਕਾਸ ਬਾਰੇ ਓਨਟੇਰੀਓ ਦੀ ਵਿਉਂਤ ਛੇ ਮੁੱਖ ਖੇਤਰਾਂ ਵਿੱਚ ਸਰਕਾਰੀ ਨੀਤੀ ਅਤੇ ਨਿਵੇਸ਼ ਦੀ ਹਿਮਾਇਤ-ਪ੍ਰਾਪਤ ਮਜਬੂਤ ਆਰਥਿਕ ਬੁਨਿਆਦਾਂ 'ਤੇ ਅੱਗੋਂ ਉਸਾਰੀ ਕਰਦੀ ਹੈ:

1. ਮੁਕਾਬਲੇ ਵਾਲਾ ਕਾਰੋਬਾਰੀ ਮਾਹੌਲ — ਇੱਕ ਮੁਕਾਬਲੇ ਵਾਲੀ ਟੈਕਸ ਪ੍ਰਣਾਲੀ ਅਤੇ ਅਸਰਦਾਰ ਨਿਜ਼ਾਮ ਦੀ ਹਿਮਾਇਤ ਕਰਨ ਨਾਲ ਰੁਜ਼ਗਾਰ ਸਿਰਜਣ ਅਤੇ ਆਰਥਿਕ ਵਿਕਾਸ ਲਈ ਕਾਰੋਬਾਰਾਂ ਵਿੱਚ ਨਵੇਂ ਨਿਵੇਸ਼ ਦੀ ਹੌਸਲਾ-ਅਫਜ਼ਾਈ ਹੁੰਦੀ ਹੈ।
2. ਆਧੁਨਿਕ ਬੁਨਿਆਦੀ ਢਾਂਚਾ — ਜਨਤਕ ਆਵਾਜਾਈ, ਸੜ੍ਹਕਾਂ, ਸਕੂਲਾਂ ਅਤੇ ਹਸਪਤਾਲਾਂ ਵਿੱਚ ਨਿਵੇਸ਼ ਇੱਕ ਜ਼ਰਖੇਜ ਆਰਥਿਕਤਾ ਦੀ ਮੁੱਖ ਬੁਨਿਆਦ ਹੈ।
   - ਅਗਲੇ ਤਿੰਨ ਸਾਲਾਂ ਦੌਰਾਨ ਸਰਕਾਰ ਦਾ ਇਰਾਦਾ ਆਵਾਜਾਈ, ਸਿਹਤ ਸੇਵਾਵਾਂ ਅਤੇ ਵਿੱਦਿਆ ਵਰਗੇ ਅਹਿਮ ਖੇਤਰਾਂ ਵਿੱਚ ਸੂਬੇ ਭਰ ਵਿੱਚ ਹਰ ਸਾਲ ਔਸਤਨ 100,000 ਰੁਜ਼ਗਾਰ ਸਿਰਜਣ ਲਈ $35 ਬਿਲੀਅਨ ਨਿਵੇਸ਼ ਕਰਨ ਦਾ ਹੈ।
3. ਬੇਹੱਦ ਹੁਨਰਮੰਦ ਕਰਮਚਾਰੀ ਦਲ — ਹੁਨਰਾਂ ਅਤੇ ਵਿੱਦਿਆ ਦੇ ਨਾਲ-ਨਾਲ ਯੁਵਕਾਂ ਲਈ ਰੁਜ਼ਗਾਰ ਵਿੱਚ ਨਿਵੇਸ਼ ਕਰਨ ਰਾਹੀਂ ਇਹ ਯਕੀਨੀ ਬਣਾਉਣਾ ਕਿ ਇਸ ਸੂਬੇ ਦੇ ਲੋਕ ਕੰਮ ਕਰਨ ਅਤੇ ਖੁਸ਼ਹਾਲ ਹੋ ਸਕਣ।
   - ਓਨਟੇਰੀਓ ਵਿੱਚ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕਿਆਂ ਦੀ ਪ੍ਰਫੁੱਲਤਾ, ਉੱਦਮਸ਼ੀਲਤਾ ਅਤੇ ਨਵੀਨਕਾਰਤਾ ਲਈ ਦੋ ਸਾਲਾਂ ਦੌਰਾਨ ਨੌਜਵਾਨਾਂ ਲਈ ਰੁਜ਼ਗਾਰ ਦੀ ਨੀਤੀ ਰਾਹੀਂ ਸਰਕਾਰ $295 ਮਿਲੀਅਨ ਦੇ ਨਿਵੇਸ਼ ਦਾ ਪ੍ਰਸਤਾਵ ਰੱਖ ਰਹੀ ਹੈ।
4. ਉੱਦਮਸ਼ੀਲਤਾ ਅਤੇ ਨਵੀਨਕਾਰਤਾ ਦੀ ਹੌਸਲਾ-ਅਫਜ਼ਾਈ — ਆਲਮੀ ਆਰਥਿਕਤਾ ਲਈ ਨਵੀਨਕਾਰੀ ਮਾਲ ਅਤੇ ਸੇਵਾਵਾਂ ਪ੍ਰਦਾਨ ਕਰਨ ਵਾਸਤੇ ਵਿਚਾਰਾਂ ਨੂੰ ਰੂਪ ਦੇਣ ਦੀ ਓਨਟੇਰੀਓ ਦੀ ਕਾਬਲੀਅਤ ਨੂੰ ਮਜਬੂਤ ਕਰਨਾ।
5. ਆਲਮੀ ਪਸਾਰਾ — ਮਾਲ ਅਤੇ ਸੇਵਾਵਾਂ ਦੀ ਮੰਡੀ ਤਕ ਪਹੁੰਚ ਨੂੰ ਓਨਟੇਰੀਓ ਦੀ ਹੱਦਾਂ ਤੋਂ ਪਰ੍ਹੇ ਦੂਜੇ ਸੂਬਿਆਂ, ਅਮਰੀਕਾ ਅਤੇ ਹੋਰ ਉੱਭਰਦੀਆਂ ਆਰਥਿਕਤਾਵਾਂ ਤਕ ਵਧਾਉਣ ਲਈ ਕਾਰੋਬਾਰਾਂ ਦੇ ਸਹਿਯੋਗ ਨਾਲ ਯਤਨ ਕਰਨਾ।
6. ਸਜੀਵ ਅਤੇ ਮਜਬੂਤ ਕਮਿਊਨਿਟੀਆਂ — ਸਾਰੀਆਂ ਕਮਿਊਨਿਟੀਆਂ ਅਤੇ ਖੇਤਰੀ ਆਰਥਿਕਤਾਵਾਂ ਨੂੰ ਰੁਜ਼ਗਾਰ ਸਿਰਜੇ ਜਾਣ ਅਤੇ ਆਰਥਿਕ ਵਾਧੇ ਤੋਂ ਲਾਭ ਲੈ ਸਕਣ ਵਿੱਚ ਮਦਦ ਕਰਨਾ।

## ਇੱਕ ਨਿਆਂਕਾਰੀ ਸਮਾਜ

ਓਨਟੇਰੀਓ ਦੀ ਆਰਥਿਕ ਕਾਰਗੁਜ਼ਾਰੀ ਅਤੇ ਸਮਾਜਿਕ ਤਾਣਾ-ਬਾਣਾ ਉਦੋਂ ਹੋਰ ਵੀ ਮਜ਼ਬੂਤ ਬਣਦਾ ਹੈ ਜਦੋਂ ਹਰ ਕਿਸੇ ਨੂੰ ਆਪਣੀ ਪੂਰੀ ਗੁੰਜਾਇਸ਼ ਤਕ ਤਰੱਕੀ ਕਰਨ ਦਾ ਮੌਕਾ ਮਿਲਦਾ ਹੈ।

*ਹੇਠ ਲਿਖੇ ਕਦਮਾਂ ਰਾਹੀਂ ਉੱਚ-ਮਿਆਰੀ ਜਨਤਕ ਸੇਵਾਵਾਂ ਪ੍ਰਦਾਨ ਕਰਦੇ ਰਹਿਣਾ ਜਾਰੀ ਰੱਖਣਾ:*

- ☑ ਹਰ ਕਿਸੇ ਲਈ ਉੱਚ-ਮਿਆਰੀ ਸਿਹਤ ਦੇਖ-ਰੇਖ ਸੇਵਾਵਾਂ ਤਕ ਪਹੁੰਚ ਵਧਾਉਣਾ।
- ☑ ਪੂਰੇ ਦਿਨ ਦੇ ਕਿੰਡਰਗਾਰਟਨ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਅਤੇ ਯੁਵਕ ਵਿਦਿਆਰਥੀਆਂ ਨੂੰ ਕਾਮਯਾਬ ਹੋਣ ਲਈ ਲੋੜੀਂਦੇ ਹੁਨਰਾਂ 'ਤੇ ਧਿਆਨ ਕੇਂਦ੍ਰਿਤ ਕਰਨ ਸਮੇਤ ਵਿਦਿਆਰਥੀਆਂ ਦੀ ਕਾਮਯਾਬੀ ਨੂੰ ਅੱਗੇ ਵਧਾਉਣਾ।
- ☑ ਸੈਕੰਡਰੀ ਤੋਂ ਬਾਅਦ ਦੀ ਪੜ੍ਹਾਈ ਤਕ ਪਹੁੰਚ ਲਈ ਓਨਟੇਰੀਓ ਟਿਊਸ਼ਨ ਗਰਾਂਟ ਵਿੱਚ 30% ਛੋਟ ਪ੍ਰਦਾਨ ਕਰਨਾ।







*ਹੇਠ ਲਿਖੇ ਕਦਮਾਂ ਰਾਹੀਂ ਲੋਕਾਂ ਲਈ ਮੌਕੇ ਵਧਾ ਰਹੇ ਹਨ:*

- ☑ ਵੈਲਫੇਅਰ ਲੈਣ ਵਾਲਿਆਂ ਲਈ ਰੁਜ਼ਗਾਰ ਹਾਸਲ ਕਰਨ ਦੇ ਰਾਹ ਵਿੱਚ ਰੋਕਾਂ ਹਟਾਉਣ ਲਈ ਹਰ ਮਹੀਨੇ ਆਮਦਨ ਵਿੱਚ $200 ਦੀ ਛੋਟ ਲਿਆਉਣਾ।
- ☑ ਵੈਲਫੇਅਰ ਦੀ ਦਰ ਵਧਾਉਣਾ, ਜਿਸ ਵਿੱਚ ਓਨਟੇਰੀਓ ਵਰਕਸ (Ontario Works) ਤੋਂ ਸਹਾਇਤਾ ਲੈ ਰਹੇ ਬਿਨਾ ਬੱਚਿਆਂ ਵਾਲੇ ਇੱਕਲੇ ਬਾਲਗਾਂ ਵਾਸਤੇ ਵਾਧਾ ਵੀ ਸ਼ਾਮਲ ਹੈ।
- ☑ ਓਨਟੇਰੀਓ ਵਰਕਸ (Ontario Works) ਦੀ ਅਸਾਸਿਆਂ ਦੀ ਹੱਦ ਵਿੱਚ ਵਾਧਾ ਕਰਨਾ ਤਾਂ ਜੋ ਸਹਾਇਤਾ ਲੈਣ ਵਾਲੇ ਬਚਤ ਕਰ ਕੇ ਵਿੱਤੀ ਤੌਰ 'ਤੇ ਸੁਰੱਖਿਅਤ ਹੋ ਸਕਣ।
- ☑ ਵੈਲਫੇਅਰ ਸੁਧਾਰ ਵਿੱਚ ਸਿੱਧੀ ਸ਼ਮੂਲੀਅਤ, ਰਿਹਾਇਸ਼ਾਂ ਵਿੱਚ ਵਧੇਰੇ ਹਿਮਾਇਤ ਅਤੇ ਸੇਵਾਵਾਂ ਨੂੰ ਆਦਿਵਾਸੀ ਬੱਚਿਆਂ ਅਤੇ ਨੌਜਵਾਨਾਂ ਦੀਆਂ ਲੋੜਾਂ ਦੀ ਪੂਰਤੀ ਦੇ ਵਧੇਰੇ ਮੁਆਫਕ ਬਣਾ ਕੇ ਆਦਿਵਾਸੀ ਲੋਕਾਂ ਲਈ ਵਧੇਰੇ ਮੌਕਿਆਂ ਦੀ ਹਿਮਾਇਤ ਕਰਨਾ।